# ਦਫਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ -ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
## ਸਮੱਗਰ ਸਿੱਖਿਆ ਅਭਿਆਨ (ਪੰਜਾਬ)

**ਪੰਜਵੀਂ ਮੰਜ਼ਿਲ, ਈ.ਬਲਾਕ, ਸਿੱਖਿਆ ਭਵਨ, ਫੇਜ਼-8, ਸਅਸ ਨਗਰ, ਪੰਜਾਬ-160062**

---

**(ਵੈਬ-ਸਾਇਟ ਰਾਹੀਂ)**

**ਵੱਲ**

**ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ)**
**ਪੰਜਾਬ ।**

ਮੀਮੋ ਨੰ: 2025 / ਐਨ.ਐਸ.ਕਿਉ.ਐਫ (67584) 82392 ਮਿਤੀ: 27/03/2025

**ਵਿਸ਼ਾ:- ਸਾਲ 2024-25 ਦੌਰਾਨ 177 ਸਰਕਾਰੀ PM Shri ਸਕੂਲਾਂ ਵਿੱਚ ਪਹਿਲਾਂ ਤੋਂ ਸਥਾਪਤ 333 NSQF ਲੈਬਜ਼ ਨੂੰ ਅਪਗ੍ਰੇਡ ਕਰਨ ਸਬੰਧੀ ਹਦਾਇਤਾਂ ।**

*ਹਵਾਲਾ:- ਮੀਮੋ ਨੰ: ਸਸਅ/ਵਿੱਤ/2024-25/202579383 ਮਿਤੀ:- 25/03/2025*

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਪੱਤਰ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ 177 PM Shri ਸਕੂਲਾਂ ਵਿੱਚ ਪਹਿਲਾਂ ਤੋਂ ਸਥਾਪਤ 333 NSQF Labs ਨੂੰ ਅਪਗ੍ਰੇਡ ਕਰਨ ਲਈ ਆਪ ਦੇ ਜ਼ਿਲ੍ਹੇ ਨੂੰ ਮਿਤੀ 25.03.2025 ਨੂੰ ਸਮੱਗਰਾ ਵਿੱਤ ਸ਼ਾਖਾ ਵੱਲੋਂ ਗ੍ਰਾਂਟ ਜਾਰੀ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਨੱਥੀ **ਅਨੁਲੱਗ 'ੳ'** ਵਿੱਚ ਦਰਜ ਹੈ। ਜਿਹਨਾਂ 333 ਲੈਬਜ਼ ਵਿੱਚ ਇਹ ਗ੍ਰਾਂਟ ਭੇਜੀ ਗਈ ਹੈ, ਉਹਨਾਂ ਸਕੂਲਾਂ ਵਿੱਚ NSQF ਦੀਆਂ 17 ਵੱਖ-ਵੱਖ ਟ੍ਰੇਡਾਂ ਪਹਿਲਾਂ ਤੋਂ ਚੱਲ ਰਹੀਆਂ ਹਨ: Agriculture, Apparels Made ups and Home Furnishing, Automotive, Banking Financial Services and Insurance (BFSI), Beauty & Wellness, Construction, Electronics, Food Processing, Healthcare, IT/ITES, Physical Education, Plumbing, Power, Private Security, Retail, Telecom and Tourism & Hospitality. ਭੇਜੀ ਗਈ ਗ੍ਰਾਂਟ ਸਬੰਧੀ ਸਕੂਲ ਵਾਈਜ਼ ਸੂਚੀ **ਅਨੁਲੱਗ 'ਅ'** ਵਜੋ ਨਾਲ ਨੱਥੀ ਹੈ।

2.0 ਭਾਰਤ ਸਰਕਾਰ ਵੱਲੋਂ PM Shri ਅਧੀਨ ਆਉਂਦੀਆਂ ਉਕਤ 333 NSQF Labs ਦੀ Upgradation ਲਈ ਫੰਡਜ਼ ਮਨਜ਼ੂਰ ਕੀਤੇ ਗਏ ਹਨ। Upgradation ਸਬੰਧੀ ਸਾਜ਼ੋ ਸਮਾਨ ਦੀ ਖਰੀਦ SMC ਵੱਲੋਂ ਕੀਤੀ ਜਾਣੀ ਹੈ, ਜਿਸ ਵਿੱਚ ਇੱਕ ਕਮੇਟੀ ਬਣਾ ਕੇ ਵਿੱਤੀ ਨਿਯਮਾਂ ਅਨੁਸਾਰ ਖਰਚਾ ਕੀਤਾ ਜਾਣਾ ਹੈ।

3.0 ਉਕਤ ਮੰਤਵ ਲਈ SMC ਪੱਧਰ ਤੇ 6 ਮੈਂਬਰੀ ਖਰੀਦ (Purchase) ਕਮੇਟੀ ਦਾ ਗਠਨ ਕੀਤਾ ਜਾਵੇ, ਜਿਸ ਅਧੀਨ ਸਕੂਲ ਮੁਖੀ, ਚੇਅਰਮੈਨ SMC, ਇੱਕ ਮਹਿਲਾ ਮੈਂਬਰ, ਜ਼ਿਲਾ ਵੋਕੇਸ਼ਨਲ ਕੋਆਰਡੀਨੇਟਰ, ਸਕੂਲ ਵਿਖੇ ਤੈਨਾਤ ਵੋਕੇਸ਼ਨਲ ਟ੍ਰੇਨਰ (ਜੋ ਸਬੰਧਤ ਟ੍ਰੇਡ ਦੀ ਮੁਕੰਮਲ ਜਾਣਕਾਰੀ ਰੱਖਦਾ ਹੋਵੇ), ਅਤੇ ਇੱਕ ਹੋਰ ਸੀਨੀਅਰ ਅਧਿਆਪਕ ਮੈਂਬਰ ਹੋਣਗੇ।

4.0 ਇਹ ਕਮੇਟੀ ਸਮਾਨ ਦੀ ਖ਼ਰੀਦ ਲਈ Manual of Financial Management & Procurement (FMP) for Scheme of Samagra Shiksha ਦੇ Chapter No. 7 ਅਨੁਸਾਰ ਕਾਰਵਾਈ ਕਰਕੇ ਸਮਾਨ ਖਰੀਦੇਗੀ। ਇਸ ਚੈਪਟਰ ਦੀ ਕਾਪੀ **ਅਨੁਲੱਗ 'ੲ'** ਤੇ ਨਾਲ ਨੱਥੀ ਹੈ ਜੀ।

5.0 SMC ਵੱਲੋਂ ਬਣਾਈ ਗਈ ਖਰੀਦ ਕਮੇਟੀ ਵੱਲੋਂ ਸਮਾਨ ਦੀ ਖਰੀਦ ਉਕਤ ਵਿੱਤੀ ਨਿਯਮਾਂ ਅਨੁਸਾਰ ਹੀ ਕੀਤੀ ਜਾਵੇ ਅਤੇ ਕੀਤੀ ਗਈ ਕਾਰਵਾਈ ਤੋਂ ਸਬੰਧਤ DEO (SE) ਨੂੰ ਵੀ ਸੂਚਿਤ ਕੀਤਾ ਜਾਵੇ। ਇਹ ਸਮਾਨ

ਪਰੰਤੂ ਜੀ..

specifications ਅਨੁਸਾਰ ਹੀ ਖਰੀਦਿਆ ਜਾਵੇ। ਸਮਾਨ ਦੀਆਂ specifications ਸਮੇਤ Trade-wise 17 ਟ੍ਰੇਡਾਂ ਦੀ ਸੂਚੀ **ਅਨੁਲੱਗ 'ਸ'** ਤੇ ਨਾਲ ਨੱਥੀ ਹੈ।

6.0 ਉਕਤ ਸਮਾਨ ਸਹੀ ਰੇਟ ਤੇ ਅਤੇ ਵਧੀਆ quality ਦਾ ਖਰੀਦਿਆ ਜਾਵੇ ਅਤੇ ਖਰੀਦ ਕੀਤੇ ਜਾ ਰਹੇ ਸਮਾਨ/ਫਰਨੀਚਰ, ਆਦਿ ਦੀ specifications ਅਨੁਸਾਰ ਪਹਿਲਾਂ sample checking ਕੀਤੀ ਜਾਵੇ ਅਤੇ ਇਸ ਤੋਂ ਬਾਅਦ ਹੀ specifications ਅਨੁਸਾਰ ਸਮਾਨ ਦੀ ਖਰੀਦ ਕੀਤੀ ਜਾਵੇ।

7.0 ਖਰੀਦੇ ਗਏ ਸਮਾਨ ਦੀ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵੱਲੋਂ ਚੈਕਿੰਗ ਕਰਵਾਈ ਜਾਵੇਗੀ ਅਤੇ ਮੁੱਖ ਦਫਤਰ ਦੇ ਕਿਸੇ ਵੀ ਅਧਿਆਕਾਰੀ ਵੱਲੋਂ ਇਸ ਸਮਾਨ ਦੀ ਚੈਕਿੰਗ ਕੀਤੀ ਜਾ ਸਕਦੀ ਹੈ। ਘਟੀਆ ਮਿਆਰ ਦਾ ਸਮਾਨ ਖਰੀਦੇ ਜਾਣ ਤੇ ਜਾਂ specifications ਅਨੁਸਾਰ ਸਮਾਨ ਨਾ ਖਰੀਦੇ ਜਾਣ ਤੇ ਸਬੰਧਤ ਸਕੂਲ ਮੁੱਖੀ ਦੇ ਖਿਲਾਫ ਵਿਭਾਗੀ ਨਿਯਮਾਂ ਅਨੁਸਾਰ ਅਨੁਸ਼ਾਨੀ ਕਾਰਵਾਈ ਕੀਤੀ ਜਾ ਸਕਦੀ ਹੈ।

8.0 ਸਾਰਾ ਸਮਾਨ ਸਕੂਲ ਪੱਧਰ ਤੇ ਬਣੀ SMC ਵੱਲੋਂ ਹੀ ਖਰੀਦਿਆ ਜਾਵੇ ਅਤੇ ਨਿਯਮਾਂ ਦਾ ਪੂਰਾ ਧਿਆਨ ਰੱਖਿਆ ਜਾਵੇ। ਸਮਾਨ ਦੀ ਖਰੀਦ ਵਿੱਚ quality ਨਾਲ ਸਮਝੌਤਾ ਨਾ ਕੀਤਾ ਜਾਵੇ ਅਤੇ ਉੱਚ ਮਿਆਰ ਵਾਲੀਆਂ ਆਈਟਮਾਂ ਹੀ ਖਰੀਦੀਆਂ ਜਾਣ ਅਤੇ ਵਰੰਟੀ/ਗਰੰਟੀ ਵੀ ਲਈ ਜਾਵੇ, ਕਿਉਂਜੋ ਇਹ ਸਮਾਨ ਕਈ ਸਾਲਾਂ ਤੱਕ ਲੈਬ ਵਿੱਚ ਵਰਤਿਆ ਜਾਣਾ ਹੈ।

9.0 ਜਿਹਨਾਂ 17 ਟਰੇਡਾਂ ਦੀ upgradation ਲਈ ਸਮਾਨ ਦੀ ਖਰੀਦ ਕੀਤੀ ਜਾਣੀ ਹੈ ਉਹਨਾਂ ਦੀ Trade wise Unit Cost ਹੇਠ ਦਿੱਤੇ ਟੇਬਲ ਅਨੁਸਾਰ ਹੈ :-

| S no. | Trade | No Of Labs | Unit Cost (in lakhs) |
|---|---|---|---|
| 1 | Agriculture | 12 | 2.5 |
| 2 | Apparels, Made ups and Home Furnishing | 23 | 2.5 |
| 3 | Automotive | 11 | 2.5 |
| 4 | Beauty & Wellness | 65 | 2.5 |
| 5 | BFSI (Banking, Financial Services, and Insurance) | 4 | 2.0 |
| 6 | Construction | 11 | 2.5 |
| 7 | Electronics | 3 | 2.5 |
| 8 | Food Processing | 7 | 2.5 |
| 9 | Healthcare | 62 | 2.5 |
| 10 | IT/ITES | 46 | 2.1 |
| 11 | Physical Education | 5 | 2.5 |
| 12 | Plumbing | 3 | 2.5 |
| 13 | Power | 7 | 2.5 |
| 14 | Private Security | 35 | 2.0 |
| 15 | Retail | 17 | 2.5 |
| 16 | Telecom | 8 | 2.0 |
| 17 | Tourism & Hospitality | 14 | 2.5 |
| | | 333 | |

10.0 ਉਕਤ ਸਮਾਨ ਵਿੱਚ ਜੋ ਵੀ ਕੰਪਿਊਟਰਾਂ ਦੀ ਖਰੀਦ ਕੀਤੀ ਜਾਣੀ ਹੈ, ਉਸ ਦੀ **3 ਸਾਲ ਦੀ ਵਰੰਟੀ** ਨਾਲ ਖਰੀਦ ਕਰਨੀ ਯਕੀਨੀ ਬਣਾਈ ਜਾਵੇ।

11.0 ਖਰੀਦੇ ਗਏ ਸਮਾਨ ਦਾ ਇੰਦਰਾਜ਼ ਸਕੂਲ ਦੇ ਸਟਾਕ ਰਿਜਸਟਰ ਵਿੱਚ ਦਰਜ ਕੀਤਾ ਜਾਵੇ ।

ਪਰੰਤੂ ਜੀ..

12.0 ਜੇਕਰ ਕੋਈ ਫਰਮ ਬਿਨਾਂ GST ਨੰਬਰ ਦੇ ਜਾਂ ਬਿਨਾਂ ਕਿਸੇ ਨਾਮ ਅਤੇ ਪੱਕੇ ਪਤੇ (Permanent address) ਦੇ ਸਮਾਨ ਸਪਲਾਈ ਕਰਦੀ ਹੈ ਤਾਂ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਉਸ ਫਰਮ ਨੂੰ ਬਲੈਕ ਲਿਸਟ ਕਰਨ ਲਈ ਤੁਰੰਤ ਕਾਰਵਾਈ ਕੀਤੀ ਜਾਵੇ।

13.0 ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ **ਅਨੁਲੱਗ 'ੳ' ਅਤੇ 'ਅ'** ਅਨੁਸਾਰ ਜਾਰੀ ਕੀਤੀ ਗਈ ਰਾਸ਼ੀ ਜ਼ਿਲ੍ਹਾ/ਸਕੂਲ ਵਿਖੇ ਪ੍ਰਾਪਤ ਹੋਣ ਤੋਂ ਬਾਅਦ ਲੈਬ ਦਾ ਸਮਾਨ ਖਰੀਦ ਲਿਆ ਜਾਵੇ। ਇਸ ਦਾ ਵਰਤੋਂ ਸਰਟੀਫਿਕੇਟ ਗ੍ਰਾਂਟ ਖਰਚ ਕਰਨ ਉਪਰੰਤ ਹਰ ਹਾਲਤ ਵਿੱਚ ਮੁੱਖ ਦਫਤਰ ਵਿਖੇ ਮਿਤੀ 31-03-2025 ਤੱਕ ਭੇਜਿਆ ਜਾਵੇ। ਕਿਸੇ ਵੀ ਕਿਸਮ ਦੀ ਉਣਤਾਈ ਸਾਹਮਣੇ ਆਉਣ ਦੀ ਸੂਰਤ ਵਿੱਚ ਸਬੰਧਤ ਸਕੂਲ ਮੁੱਖੀ ਅਤੇ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨਿੱਜੀ ਤੌਰ ਤੇ ਜ਼ਿੰਮੇਵਾਰ ਹੋਣਗੇ। ਜੇਕਰ ਆਪ ਦੇ ਜ਼ਿਲ੍ਹੇ ਨੂੰ ਉਕਤ ਦਰਸ਼ਾਏ ਅਨੁਸਾਰ ਰਾਸ਼ੀ ਪ੍ਰਾਪਤ ਨਹੀ ਹੁੰਦੀ ਹੈ ਤਾਂ ਪੱਤਰ ਜਾਰੀ ਹੋਣ ਤੋਂ 2 ਦਿਨਾਂ ਦੇ ਅੰਦਰ ਮੁੱਖ ਦਫਤਰ ਨੂੰ ਸੂਚਿਤ ਕੀਤਾ ਜਾਵੇ ਅਤੇ ਫੋਨ ਤੇ ਰਾਬਤਾ ਕਾਇਮ ਕੀਤਾ ਜਾਵੇ।

14.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜ਼ਿਲ੍ਹਾ ਪੱਧਰ ਤੇ ਇਹਨਾਂ 333 ਲੈਬਜ਼ ਵਿੱਚ ਲੈਬ ਸੈਟ-ਅੱਪ ਦੀ ਮੋਨੀਟਰਿੰਗ ਕੀਤੀ ਜਾਵੇ। ਸਬੰਧਤ ਜ਼ਿਲ੍ਹੇ ਦੇ ਅਧਿਕਾਰੀਆਂ ਵੱਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਵਿਭਾਗ ਵੱਲੋਂ ਸਮਾਨ ਦੀ ਖਰੀਦ ਬਾਰੇ ਜੋ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਕੇਵਲ ਉਹਨਾਂ ਅਨੁਸਾਰ ਹੀ ਸਮਾਨ ਦੀ ਖਰੀਦ ਕੀਤੀ ਜਾਵੇ। ਜੇਕਰ ਕੋਈ ਉਣਤਾਈ ਪਾਈ ਜਾਂਦੀ ਹੈ ਤਾਂ ਇਸ ਨੂੰ ਤੁਰੰਤ ਉੱਚ ਅਧਿਕਾਰੀਆਂ ਦੇ ਨੋਟਿਸ ਵਿੱਚ ਲਿਆਂਦਾ ਜਾਵੇ।

15.0 ਜੇਕਰ ਲੈਬ ਦੇ ਸਮਾਨ ਦੀ ਖਰੀਦ ਵਿੱਚ ਕੋਈ ਉਣਤਾਈ ਪਾਈ ਜਾਂਦੀ ਹੈ ਤਾਂ ਇਸ ਦੀ ਨਿਰੋਲ ਜ਼ਿੰਮੇਵਾਰੀ ਸਬੰਧਤ ਸਕੂਲ ਮੁੱਖੀ ਅਤੇ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਦੀ ਹੋਵੇਗੀ।

16.0 ਉਪਰੋਕਤ ਅਨੁਸਾਰ ਜਾਰੀ ਕੀਤੇ ਗਏ ਫੰਡਜ਼ ਦੀ ਆਨਲਾਈਨ monitoring ਲਈ ਖਰਚਾ Prabandh Portal ਤੇ ਸਮੇਂ ਸਿਰ ਅੱਪਡੇਟ ਕੀਤਾ ਜਾਵੇ।

17.0 ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਮੱਗਰ ਸਿੱਖਿਆ ਅਭਿਆਨ, ਪੰਜਾਬ।**

**<u>ਨੱਥੀ:-</u>**

1. District wise allocation of funds with calculation (ਅਨੁਲੱਗ 'ੳ')
2. List of 333 labs with allocated Trade and allocated amount (ਅਨੁਲੱਗ 'ਅ')
3. Copy of Manual of Financial Management & Procurement (FMP) for Scheme of Samagra Shiksha (ਅਨੁਲੱਗ 'ੲ')
4. Trade wise Specifications of Tools & Equipment List of items for 17 trades (ਅਨੁਲੱਗ 'ਸ')

# ਦਫ਼ਤਰ ਪੰਜਾਬ ਸਮੱਗਰਾ ਸਿੱਖਿਆ ਅਭਿਆਨ

## ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਬਲਾਕ ਈ ਫੇਜ 8 ਜਿਲ੍ਹਾ ਐਸ.ਏ.ਐਸ.ਨਗਰ

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.),
ਪੰਜਾਬ ਸਮੱਗਰਾ ਸਿੱਖਿਆ ਅਭਿਆਨ,
ਪੰਜਾਬ।

ਮੀਮੋ ਨੰ: ਸਸਅ/ਵਿੱਤ/2024-25/2025 79383
ਮਿਤੀ: ਐਸ.ਏ.ਐਸ. ਨਗਰ : 25/03/2025

ਵਿਸ਼ਾ:- PM Shri Scheme (PM Schools for Rising India) ਅਧੀਨ ਸਾਲ 2024-25 ਲਈ ਰਾਸ਼ੀ ਐਲੋਕੇਟ ਕਰਨ ਸਬੰਧੀ।

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।
2. ਆਪ ਦੇ ਜਿਲ੍ਹੇ ਲਈ PM Shri Scheme (PM Schools for Rising India) ਅਧੀਨ ਸਾਲ 2024-25 ਲਈ ਗਤੀਵਿਧੀ Tools & Equipment ਅਧੀਨ ਫੰਡਜ਼ ਦੀ ਨਾਲ ਨੱਥੀ ਵੇਰਵੇ ਅਨੁਸਾਰ PFMS Portal ਤੇ ਚਾਇਲਡ ਲਿਮਟ ਐਲੋਕੇਸ਼ਨ ਕਰ ਦਿੱਤੀ ਗਈ ਹੈ।

| S.No | Name of the Districts | R14-Curriculum, Pedagogy and Assessment |
|---|---|---|
| | | Introduction of Vocational Education at Secondary and Sr. Secondary Level |
| | | Tools & Equipment |
| 1 | Amritsar | 55.40000 |
| 2 | Barnala | 22.60000 |
| 3 | Bathinda | 49.20000 |
| 4 | Faridkot | 14.20000 |
| 5 | Fatehgarh Sahib | 14.60000 |
| 6 | Fazilka | 21.50000 |
| 7 | Ferozepur | 38.30000 |
| 8 | Gurdaspur | 67.90000 |
| 9 | Hoshiarpur | 48.60000 |
| 10 | Jalandhar | 43.50000 |
| 11 | Kapurthala | 15.00000 |
| 12 | Ludhiana | 41.50000 |
| 13 | Malerkotla | 11.60000 |
| 14 | Mansa | 25.90000 |
| 15 | Moga | 34.90000 |
| 16 | Mohali | 35.10000 |
| 17 | Muktsar | 29.00000 |
| 18 | Nawanshahar | 19.60000 |

| | | |
|---|---|---|
| 19 | Pathankot | 36.50000 |
| 20 | Patiala | 72.90000 |
| 21 | Ropar | 21.50000 |
| 22 | Sangrur | 45.20000 |
| 23 | Tarn-Taran | 26.10000 |
| | **Total** | **790.60000** |

3. ਐਲੋਕੇਟ ਕੀਤੀ ਗਈ ਰਾਸ਼ੀ ਨੂੰ Manual on 'Financial Management & Procurement' ਦੀਆਂ ਹਦਾਇਤਾਂ ਅਤੇ ਭਾਰਤ ਸਰਕਾਰ ਦੀਆਂ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਦੇ ਅਨੁਸਾਰ ਹੀ ਖਰਚ ਕੀਤਾ ਜਾਵੇ।
4. ਸਾਲ 2024-25 ਵਿੱਚ ਫੰਡਜ਼ ਦੀ ਵਰਤੋਂ PAB ਅਨੁਸਾਰ ਕੀਤੀ ਜਾਵੇ ਅਤੇ UC ਲੈਣਾ ਵੀ ਯਕੀਨੀ ਬਣਾਇਆ ਜਾਵੇ।
5. ਐਲੋਕੇਟ ਕੀਤੇ ਗਏ ਫੰਡਜ਼ ਦੀ PFMS (Public Financial Management System) Portal ਦੇ EAT Module ਰਾਂਹੀ ਹੀ ਖਰਚ ਕੀਤਾ ਜਾਵੇ ਅਤੇ PRABANDH PORTAL ਤੇ ਸਮੇਂ ਸਿਰ ਅੱਪਡੇਟ ਕਰਨਾ ਯਕੀਨੀ ਬਣਾਇਆ ਜਾਵੇ।
6. ਐਲੋਕੇਟ ਰਾਸ਼ੀ ਤੁਰੰਤ ਸਬੰਧਤ ਨੂੰ ਜਾਰੀ ਕਰਕੇ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।

ਡਿਪਟੀ ਸਟੇਟ ਪ੍ਰੋਜੈਕਟਰ ਡਾਇਰੈਕਟਰ੍ਹ,ਫ.ਲ

ਪਿੱਠ ਅੰਕਣ ਨੰ. : ਸਸਅ/ਵਿੱਤ/2024-25/202579384 ਮਿਤੀ : 25/03/2025

ਉਪਰੋਕਤ ਦਾ ਉਤਾਰਾ ਸਮੂਹ ਡਿਪਟੀ ਕਮਿਸ਼ਨਰ ਪੰਜਾਬ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਸਟੇਟ ਪ੍ਰੋਜੈਕਟਰ ਡਾਇਰੈਕਟਰ੍ਹ,ਫ.ਲ